**ਪੰਜਾਬੀ-004**

**Class-X (ਦਸਵੀਂ)**

# ਨਮੂਨੇ ਦਾ ਪ੍ਰਸ਼ਨ-ਪੱਤਰ

**ਸੈਸ਼ਨ 2026-2027**

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## ਆਮ ਨਿਰਦੇਸ਼

**ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ਼-ਨਾਲ਼ ਉੱਤਰ ਵੀ ਲਿਖਿਆ ਜਾਵੇ।
- ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ: ਭਾਗ-I ਪੜ੍ਹਨ-ਕੌਸ਼ਲ, ਭਾਗ- II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ
- **ਭਾਗ-I**: ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ- II:** ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ-III:** ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ-IV:** ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:**

**6x1=6**

1. ਪੁਆਧੀ ਪੰਜਾਬੀ ਦੀ ਉਪ ਭਾਸ਼ਾ ਹੈ ਜੋ ਜ਼ਿਲ੍ਹਾ ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ, ਮੋਹਾਲੀ ਤੇ ਸੰਗਰੂਰ ਦੇ ਪੂਰਬੀ ਅੱਧ, ਜ਼ਿਲ੍ਹਾ ਲੁਧਿਆਣਾ ਅਤੇ ਰੋਪੜ ਦੀ ਦਰਿਆ ਸਤਲੁਜ ਦੇ ਨਾਲ਼ ਲਗਦੀ ਨੁਕਰ ਦੀ ਬੋਲੀ ਹੈ। ਇਸ ਦਾ ਖੇਤਰ ਰੋਪੜ ਤੋਂ ਲੈ ਕੇ ਸਤਲੁਜ ਦਰਿਆ ਦੇ ਪੂਰਬ ਅਤੇ ਪੱਛਮ ਦੇ ਨੇੜੇ ਤੱਕ ਚਲਦਾ ਹੈ। ਇਸ ਦੇ ਉੱਤਰ ਵੱਲ ਜਲੰਧਰ-ਦੁਆਬ ਹੈ। ਇਸ ਦੇ ਦੱਖਣ ਵੱਲ ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਹਨ। ਲੁਧਿਆਣੇ ਦਾ ਬਹੁਤਾ ਭਾਗ ਮਾਲਵੇ ਵਿਚ ਆਉਂਦਾ ਹੈ ਪਰ ਇਸ ਦਾ ਉਹ ਭਾਗ ਜਿਹੜਾ ਦਰਿਆ ਦੇ ਨੇੜੇ ਹੈ ਪੁਆਧ ਅਖਵਾਉਂਦਾ ਹੈ। ਪੁਆਧ ਅੱਗੇ ਪੂਰਬ ਵੱਲ ਕਾਫ਼ੀ ਵਧਿਆ ਹੋਇਆ ਹੈ। ਹਰਿਆਣੇ ਵਿੱਚ ਜ਼ਿਲ੍ਹਾ ਅੰਬਾਲਾ ਦਾ ਸਦਰ ਅੰਬਾਲਾ, ਤਹਿਸੀਲ ਨਾਰਾਇਣਗੜ੍ਹ ਦੇ ਕੁਝ ਪੱਛਮੀ ਇਲਾਕੇ, ਜ਼ਿਲ੍ਹਾ ਜੀਂਦ ਵਿੱਚ ਧਮਤਾਨ ਸਾਹਿਬ ਦੇ ਚੌਗਿਰਦੇ ਦੇ ਪਿੰਡਾਂ ਵਿਚ ਵੀ ਪੁਆਧੀ ਬੋਲੀ ਜਾਂਦੀ ਹੈ। ਦੱਖਣ ਵਿੱਚ ਪਟਿਆਲਾ, ਨਾਭਾ, ਜ਼ਿਲ੍ਹਾ ਹਿਸਾਰ ਦੇ ਕੁਝ ਪ੍ਰਮੁੱਖ ਭਾਗ ਵੀ ਇਸ ਬੋਲੀ ਦੇ ਖੇਤਰ ਵਿਚ ਆ ਜਾਂਦੇ ਹਨ। ਜ਼ਿਲ੍ਹਾ ਹਿਸਾਰ ਦੀ ਘੱਗਰ ਵਾਦੀ ਵਿੱਚ ਰਹਿਣ ਵਾਲ਼ੇ ਲੋਕਾਂ ਦੀ ਬੋਲੀ ਰਾਠੀ ਦੱਸੀ ਗਈ ਹੈ। ਇਸ ਖੇਤਰ ਦੇ ਦੱਖਣ ਦੀਆਂ ਬੋਲੀਆਂ ਬਾਂਗਰੂ ਤੇ ਬਾਗੜੀ ਹਨ। ਉਪਰੋਕਤ ਖੇਤਰਾਂ ਵਿੱਚ ਬੋਲੀ ਜਾਂਦੀ ਪੰਜਾਬੀ ਅੰਮ੍ਰਿਤਸਰ ਦੀ ਟਕਸਾਲੀ ਪੰਜਾਬੀ ਨਾਲੋਂ ਫ਼ਰਕ ਵਾਲ਼ੀ ਹੈ ਅਤੇ ਪੂਰਬੀ ਅੰਬਾਲੇ ਤੇ ਕਰਨਾਲ ਵਿੱਚ ਬੋਲੀ ਜਾਂਦੀ ਪੱਛਮੀ ਹਿੰਦੀ ਨਾਲ਼ ਜਾ ਮਿਲ਼ਦੀ ਹੈ। ਪੁਆਧੀ ਮਲਵਈ ਨਾਲੋਂ ਵੱਖਰੀ ਹੈ ਕਿਉਂਕਿ ਇਸ ਵਿੱਚ ਪੱਛਮੀ ਬਾਂਗਰੂ ਦਾ ਰਲਾ ਹੈ ਪਰ ਇਹ ਸ਼ਬਦਾਵਲੀ ਤੱਕ ਹੀ ਸੀਮਿਤ ਹੈ। ਟਕਸਾਲੀ ਪੰਜਾਬੀ ਤੇ ਮਲਵਈ ਨਾਲੋਂ ਪੁਆਧੀ ਕੁਝ ਹੇਠ ਲਿਖੇ ਨੁਕਤਿਆਂ ਕਰ ਕੇ ਵੱਖਰੀ ਹੈ ਉਂਝ ਭਾਵੇਂ ਇਹ ਪੂਰਬੀ ਪੰਜਾਬ ਦੇ ਪਰਿਵਾਰਾਂ ਦੀ ਉਪ-ਭਾਸ਼ਾ ਹੈ। ਪੁਆਧੀ ਦੀ ਧੁਨੀ-ਵਿਉਂਤ ਮਲਵਈ ਨਾਲ਼ ਮਿਲ਼ਦੀ ਜੁਲਦੀ ਹੈ। ਇਸ ਵਿੱਚ ਉੱਚੀ ਸੁਰ ਦੀ ਵਰਤੋਂ ਘੱਟ ਹੁੰਦੀ ਹੈ। ਚਾਹ, ਰਾਹ ਆਦਿ ਸ਼ਬਦਾਂ ਦਾ ਅੰਤਿਮ 'ਹਾ' ਪੁਆਧੀ ਦੇ ਉਚਾਰਨ ਵਿੱਚ ਮੌਜੂਦ ਹੈ। ਇਸੇ ਤਰ੍ਹਾਂ ਵਿਚਕਾਰਲਾ 'ਹਾ' ਪੂਰੀ ਤਰ੍ਹਾਂ ਮੌਜੂਦ ਹੈ। ਉਲਟੀ ਜੀਭ ਵਾਲ਼ਾ 'ਲ਼' ਜਿਹੜਾ ਪੱਛਮੀ ਹਿੰਦੀ ਦੇ ਵਧੇਰੇ ਇਲਾਕੇ ਵਿੱਚ ਨਹੀਂ ਹੈ, ਪੁਆਧੀ ਵਿੱਚ ਪੰਜਾਬੀ ਦੀ ਤਰ੍ਹਾਂ ਹੀ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਕਈਆਂ ਸ਼ਬਦਾਂ ਵਿਚ ਟਕਸਾਲੀ ਪੰਜਾਬੀ ਦਾ 'ਵ' ਪੁਆਧੀ ਵਿੱਚ 'ਬ' ਹੋ ਜਾਂਦਾ ਹੈ; ਜਿਵੇਂ ਬਾਲ, ਬੀਹ ਆਦਿ। ਇਸੇ ਤਰ੍ਹਾਂ ਦੋ ਸਵਰਾਂ ਵਿੱਚ ਆਉਣ ਵਾਲ਼ਾ 'ਵ' ਕਈਆਂ ਸ਼ਬਦਾਂ ਵਿੱਚ 'ਮ' ਬਣ ਜਾਂਦਾ ਹੈ; ਜਿਵੇਂ ਤੀਮੀ, ਜਮਾਈ ਆਮਾਂਗਾ ਆਦਿ। ਇਹ ਮਾਝੀ ਨਾਲੋਂ ਵਧੇਰੇ ਵਿਜੋਗਾਤਮਕ ਹੈ ਜਿਵੇਂ ਰਾਤੀਂ ਭਲਕੇ, ਪਰਸੋਂ ਦੀ ਥਾਂ ਕ੍ਰਮਵਾਰ ਰਾਤ ਨੂੰ, ਕੱਲ੍ਹ ਨੂੰ, ਪਰਸੋਂ ਨੂੰ ਬੋਲਿਆ ਜਾਂਦਾ ਹੈ ਇਵੇਂ ਹੀ ਉਨ੍ਹਾਂ, ਪਰ੍ਹਾਂ ਦੀ ਥਾਂ ਵੀ ਉਰੇ ਨੂੰ, ਪਰੇ ਨੂੰ ਬੋਲੇ ਜਾਂਦੇ ਹਨ। ਇਸ ਦੇ ਕੁਝ ਸਬੰਧਕ ਵੀ ਵੱਖਰੇ ਹਨ।

(i) ਪੈਰੇ ਅਨੁਸਾਰ ਪੁਆਧੀ ਦੀ ਧੁਨੀ-ਵਿਉਂਤ ਕਿਸ ਨਾਲ਼ ਮਿਲ਼ਦੀ ਜੁਲਦੀ ਹੈ ?

(A) ਮਲਵਈ

(B) ਹਿੰਦੀ

(C) ਬਾਂਗਰੂ

(D) ਉਰਦੂ

(ii) ਪੈਰੇ ਵਿੱਚ ਜ਼ਿਲ੍ਹਾ ਹਿਸਾਰ ਦੀ ਘੱਗਰ ਵਾਦੀ ਵਿੱਚ ਰਹਿਣ ਵਾਲ਼ੇ ਲੋਕਾਂ ਦੀ ਬੋਲੀ ਕਿਹੜੀ ਦੱਸੀ ਗਈ ਹੈ ?

(A) ਮਲਵਈ

(B) ਅੰਗਰੇਜ਼ੀ

(C) ਬਾਂਗਰੂ

(D) ਰਾਠੀ

(iii) ਪੈਰੇ ਅਨੁਸਾਰ ਪੁਆਧੀ ਵਿੱਚ ਉੱਚੀ ਸੁਰ ਦੀ ਵਰਤੋਂ ........................ ਹੁੰਦੀ ਹੈ। ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ:

(A) ਬਹੁਤ ਜ਼ਿਆਦਾ

(B) ਘੱਟ

(C) ਜ਼ਿਆਦਾ

(D) ਬਿਲਕੁਲ ਨਹੀਂ

(iv) ਪੈਰੇ ਅਨੁਸਾਰ ਪੁਆਧੀ ਕਿਸ ਦੀ ਉਪ ਭਾਸ਼ਾ ਹੈ ?

(A) ਡੋਗਰੀ

(B) ਫ਼ਾਰਸੀ

(C) ਪੰਜਾਬੀ

(D) ਹਿੰਦੀ

(v) ਪੈਰੇ ਅਨੁਸਾਰ ਪੁਆਧੀ ਵਿੱਚ ਦੋ ਸਵਰਾਂ ਵਿੱਚ ਆਉਣ ਵਾਲ਼ਾ 'ਵ' ਕਈਆਂ ਸ਼ਬਦਾਂ ਵਿੱਚ ਕੀ ਬਣ ਜਾਂਦਾ ਹੈ?

(A) ਮ

(B) ਲ

(C) ਯ

(D) ਪ

(vi) ਪੈਰੇ ਅਨੁਸਾਰ ਪੁਆਧੀ ਕਿਸ ਨਾਲੋਂ ਵਧੇਰੇ ਵਿਜੋਗਾਤਮਕ ਹੈ ?

(A) ਮਲਵਈ

(B) ਬਾਂਗਰੂ

(C) ਮਾਝੀ

(D) ਦੁਆਬੀ

2. ਧਰਤੀ ਸੰਗ ਹੋਂਦ ਵਿੱਚ ਆਏ, ਹੁੰਦਾ ਏ ਪ੍ਰਤੀਤ,
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆਂ ਤੀਕ ।
ਰੁੱਖਾਂ 'ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ ।
ਆਪਣੇ ਸਿਰ ਤੇ ਛੱਤ ਨਹੀਂ, ਹੋਰਾਂ ਨੂੰ ਦੇਣ ਸਹਾਰਾ,
ਬੇ-ਘਰ ਲੋਕੀਂ ਰੁੱਖਾਂ ਥੱਲੇ ਸੌਂ ਕੇ ਕਰਨ ਗੁਜ਼ਾਰਾ ।
ਪਾਏ ਆਲ੍ਹਣੇ ਰੁੱਖਾਂ ਉੱਤੇ ਘੁੱਗੀਆਂ, ਚਿੜੀਆਂ, ਕਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ । **4X1=4**

(i) ਰੁੱਖ ਕਿਸ ਦੇ ਸੰਗ ਹੋਂਦ ਵਿੱਚ ਆਏ ਹਨ ?

(ii) ਰੁੱਖਾਂ 'ਚੋਂ ਸਾਨੂੰ ਕੀ ਲੱਭਣਾ ਹੈ ?

(iii) ਕਿਸ ਦੇ ਸਿਰ 'ਤੇ ਛੱਤ ਨਹੀਂ ਹੈ ਪਰ ਉਹ ਹੋਰਾਂ ਨੂੰ ਸਹਾਰਾ ਦਿੰਦੇ ਹਨ ?

(iv) ਰੁੱਖਾਂ ਉੱਤੇ ਕਿਸ ਨੇ ਆਲ੍ਹਣੇ ਪਾਏ ਹੋਏ ਹਨ ?

## ਭਾਗ-II ਵਿਆਕਰਨ (Part-II Grammar) 12

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ **ਨਹੀਂ** ਹੈ ?

(A) ਲੜਾਈ-ਪਰੇਸ਼ਾਨੀ
(B) ਲਾਲ-ਸੁਰਖ਼
(C) ਔਖਾ-ਸੌਖਾ
(D) ਰਾਤੋ-ਰਾਤ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਸ਼ੇਸ਼ਣ+ ਵਿਸ਼ੇਸ਼ਣ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

(A) ਹੱਸਣਾ-ਰੋਣਾ
(B) ਸਵੈ-ਪੜਚੋਲ
(C) ਚੰਗਾ-ਮਾੜਾ
(D) ਥਾਂ-ਟਿਕਾਣਾ

(iii) 'ਇਲਾਕਾ-ਨਿਵਾਸੀ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(A) ਇਲਾਕੇ ਦਾ ਨਿਵਾਸੀ
(B) ਇਲਾਕੇ ਦੇ ਨਿਵਾਸੀ
(C) ਇਲਾਕੇ ਦਾ ਨਿਵਾਸ
(D) ਇਹਨਾਂ ਵਿੱਚੋਂ ਕੋਈ ਵੀ ਨਹੀਂ

## 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਤਸਵੀਰ' ਸ਼ਬਦ ਦਾ ਬਹੁ-ਅਰਥਕ ਸ਼ਬਦ **ਨਹੀ** ਹੈ ?

(A) ਤਸੱਵਰ

(B) ਮੂਰਤ

(C) ਚਿੱਤਰ

(D) ਫੋਟੋ

(ii) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ:

ਮੈਨੂੰ ਉਸ ਨੂੰ ਉਡੀਕਦੇ ਨੂੰ ਕਿੰਨਾ ਹੀ .......... ਹੋ ਗਿਆ ਸੀ। ਪਰ ਉਹ ਨਾ ਆਇਆ ਮੈਂ ਸੋਚਿਆ ਸ਼ਾਇਦ ਉਸ ਨੂੰ ............ ਨਹੀਂ ਮਿਲਿਆ ਹੋਏਗਾ। ਮੈਨੂੰ ਤਾਂ ਹੁਣ ਪਤਾ ਲੱਗਿਆ ਕਿ ਉਹ ਦੇ ਨਾ ਆਉਣ ਦਾ ਕਾਰਨ ਇਹ ਸੀ ਕਿ ਵਿਚਾਰੇ ਦਾ ............. ਨੇੜੇ ਆ ਗਿਆ ਸੀ।

(A) ਮੁੱਦਤ

(B) ਵਿਹਲ

(C) ਸਮਾਂ

(D) ਕਾਲ

(iii) 'ਗੁਣ' ਦਾ ਇੱਕ ਅਰਥ ਹੈ; 'ਸਿਫ਼ਤ' ਹੋਰ ਅਰਥ ਹੈ/ਹਨ:

(A) ਖ਼ਾਸੀਅਤ

(B) ਕਲਾ

(C) ਤਾਸੀਰ

(D) ਉਪਰੋਕਤ ਸਾਰੇ ਹੀ

## 5. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਜ਼ਰੂਰ, ਬੇਸ਼ੱਕ, ਹੀ

(B) ਕਿਉਂਕਿ, ਇਸ ਲਈ, ਸੋ

(C) ਘੜੀ-ਮੁੜੀ, ਵਾਰ-ਵਾਰ, ਮੁੜ-ਮੁੜ

(D) ਤੇਜ਼, ਗਟਾਗਟ, ਧੜਾਧੜ

(ii) ਵਿਆਕਰਨ ਅਨੁਸਾਰ ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਕਿਰਿਆ-ਵਿਸ਼ੇਸ਼ਣ ਦੀ ਇੱਕ ਕਿਸਮ ਹੈ ?

(A) ਪ੍ਰਕਾਰ-ਵਾਚਕ

(B) ਭਾਵ-ਵਾਚਕ

(C) ਪ੍ਰਸ਼ਨ-ਵਾਚਕ

(D) ਸੰਬੰਧ-ਵਾਚਕ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਉਹ ਇੱਥੋਂ ਦੂਰ ਰਹਿੰਦਾ ਹੈ ।

(A) ਉਹ

(B) ਇੱਥੋਂ

(C) ਦੂਰ

(D) ਰਹਿੰਦਾ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਤਮ, ਬਾ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਨੀ, ਵਾਦ

7. **ਮੁਹਾਵਰੇ: ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ:** **4X1=4**

(i) ਕਦਮਾਂ 'ਤੇ ਤੁਰਨਾ

(ii) ਖਿੱਲੀ ਉਡਾਉਣਾ

(iii) ਗਲ਼ ਪੈ ਜਾਣਾ

(iv) ਘੁਲ਼-ਮਿਲ਼ ਜਾਣਾ

(v) ਚੱਕਰਾਂ ਵਿੱਚ ਪਾਉਣਾ

(vi) ਝੰਡੇ ਗੱਡਣਾ

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

**(i)** ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

(ਜਾਣ-ਪਛਾਣ ............ਅਰਥ............ਮਿੱਠੇ ਅਤੇ ਕੌੜੇ ਵਿਚਾਰਾਂ ਦਾ ਅਸਰ............ਨਿਮਰਤਾ ਦਾ ਗੁਣ ............ ਨਿਮਰਤਾ ਦੇ ਲਾਭ ............ ਹੰਕਾਰ ਬਹੁਤ ਵੱਡਾ ਔਗੁਣ ............ ਵਿਖਾਵੇ ਦੀ ਨਿਮਰਤਾ............ ਨਿਮਰਤਾ ਧਾਰਨ ਕਰਨ ਦੇ ਢੰਗ ............ ਸਿੱਟਾ ............)

**(ii)** ਵਿਦਿਆਰਥੀ ਅਤੇ ਸੋਸ਼ਲ ਮੀਡੀਆ

(ਜਾਣ-ਪਛਾਣ ......... ਜਾਣਕਾਰੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਸੋਮਾ....... ਸੋਸ਼ਲ ਮੀਡੀਆ ਦੇ ਲਾਭ........ ਸੋਸ਼ਲ ਮੀਡੀਆ ਦੇ ਨੁਕਸਾਨ ........ਸੋਚ ਵਿੱਚ ਨਾਕਾਰਤਮਕ ਤਬਦੀਲੀ ਦਾ ਆਧਾਰ....... ਜੁਰਮ ਦਾ ਰੁਝਾਨ ਪੈਦਾ ਕਰਨ ਵਿੱਚ ਸਹਾਇਕ .......... ਸੋਸ਼ਲ ਮੀਡੀਆ ਬਾਰੇ ਤੁਹਾਡੇ ਵਿਚਾਰ ...... ਸੁਝਾਅ ........... ਸਾਰੰਸ਼ ...........)

**(iii)** ਕਿਸੇ ਧਾਰਮਿਕ ਸਥਾਨ ਦੀ ਯਾਤਰਾ

(ਜਾਣ-ਪਛਾਣ ......... ਧਾਰਮਿਕ ਸਥਾਨਾਂ ਦੇ ਮਹੱਤਵ ............ ਧਾਰਮਿਕ ਸਥਾਨ ਵੇਖਣ ਜਾਣ ਦਾ ਪ੍ਰੋਗਰਾਮ ............ ਧਾਰਮਿਕ ਸਥਾਨ ਦਾ ਨਾਮ .................... ਜਾਣ ਸਮੇਂ ਰਸਤੇ ਦੇ ਵੇਰਵੇ .................... ਧਾਰਮਿਕ ਸਥਾਨ ਬਾਰੇ ਵਿਸਥਾਰ ਵਿੱਚ ਵੇਰਵੇ .................... ਆਪਣੇ ਵਿਚਾਰ ................. ਸਿੱਟਾ ....................)

**9. ਪੱਤਰ ਰਚਨਾ:**

(i) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਲਾਇਬ੍ਰੇਰੀ ਨੂੰ ਸੁਚਾਰੂ (ਠੀਕ ਤਰ੍ਹਾਂ) ਚਲਾਉਣ ਲਈ ਬੇਨਤੀ-ਪੱਤਰ ਲਿਖੋ।

(ਲਾਇਬ੍ਰੇਰੀ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ....... ਸਕੂਲ ਵਿੱਚ ਲਾਇਬ੍ਰੇਰੀਅਨ ਤੇ ਹੋਰ ਸਹਾਇਕ ਸਟਾਫ ਦਾ ਨਾ ਹੋਣਾ......... ਚੰਗੀਆਂ ਪੁਸਤਕਾਂ ਤੇ ਰਿਸਾਲਿਆਂ ਦੀ ਘਾਟ ....... ਬੈਠਣ ਦੀ ਸਹੀ ਵਿਵਸਥਾ ਨਾ ਹੋਣਾ...... ਪੁਸਤਕਾਂ ਤਰਤੀਬਬੱਧ ਨਾ ਹੋਣਾ .......ਸਾਫ਼-ਸਫ਼ਾਈ ਦੀ ਸਹੀ ਵਿਵਸਥਾ ਨਾ ਹੋਣ ...... ਕਮੀਆਂ ਨੂੰ ਦੂਰ ਕਰਨ ਦੀ ਜ਼ਰੂਰਤ ... ਲਾਇਬ੍ਰੇਰੀ ਲਈ ਵੱਡੇ ਹਾਲ ਦਾ ਪ੍ਰਬੰਧ ..... ਲਾਇਬ੍ਰੇਰੀਅਨ ਤੇ ਹੋਰ ਸਹਾਇਕ ਸਟਾਫ ਦੀ ਨਿਯੁਕਤੀ )

**ਜਾਂ (OR)**

(ii) ਤੁਹਾਡੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਇਤਿਹਾਸਿਕ ਸਥਾਨਾਂ ਦੇ ਟੂਰ ਲਈ ਲਿਜਾਇਆ ਜਾ ਰਿਹਾ ਹੈ। ਆਪਣੇ ਪਿਤਾ ਜੀ ਨੂੰ ਇਸ ਦੀ ਮਹੱਤਤਾ ਦੱਸਦੇ ਹੋਏ ਟੂਰ 'ਤੇ ਜਾਣ ਦੀ ਇਜਾਜ਼ਤ ਲੈਣ ਲਈ ਪੱਤਰ ਲਿਖੋ।

(ਇਮਤਿਹਾਨ ਵਧੀਆ ਹੋਣ ਬਾਰੇ ਦੱਸਣਾ...... ਟੂਰ ਲਈ ਨਿਰਧਾਰਿਤ ਸਥਾਨਾਂ ਤੇ ਉਹਨਾਂ ਦੀ ਮਹਤੱਤਾ ਦਾ ਜ਼ਿਕਰ .....ਪੜ੍ਹਾਈ ਦੇ ਨਾਲ਼-ਨਾਲ਼ ਘੁੰਮਣਾ ਵੀ ਜ਼ਰੂਰੀ ....... ਇਹਨਾਂ ਇਤਿਹਾਸਿਕ ਸਥਾਨਾਂ ਨੂੰ ਵੇਖਣ ਤੋਂ ਬਾਅਦ ਆਉਣ ਵਾਲ਼ੀ ਤਬਦੀਲੀ ਦਾ ਜ਼ਿਕਰ...... ਇਤਿਹਾਸਿਕ ਸਥਾਨਾਂ ਨੂੰ ਵੇਖਣ ਦੀ ਦਿਲੀ-ਇੱਛਾ ਦਾ ਜ਼ਿਕਰ ...... ਛੁੱਟੀਆਂ ਵਿੱਚ ਜਾਣ ਕਾਰਨ ਪੜ੍ਹਾਈ ਦਾ ਵੀ ਨੁਕਸਾਨ ਨਹੀਂ.......ਜਾਣ ਦੀ ਇਜਾਜ਼ਤ ਲੈਣ ਦਾ ਜ਼ਿਕਰ .....) 1X6=6

10. **ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ:** 1X4=4



**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**
ਤੁਹਾਡੇ ਸਕੂਲ ਵਿੱਚ ਗਰਮੀਆਂ ਵਿੱਚ ਬਿਜਲੀ ਦੀ ਸਪਲਾਈ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**( IV. Text Books based questions) 5+5+4+14+8+4=40**

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : 5X1=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਲੇਖਕ ਦੇ ਪਿੰਡ ਦਾ ਕੀ ਨਾਂ ਹੈ ?

(A) ਟਿੱਬਾ

(B) ਅਡਿਆਲਾ

(C) ਕਾਰਲਾਈਲ

(D) ਰਾਵਲਪਿੰਡੀ

(ii) **'ਬੋਲੀ'** ਲੇਖ ਦੇ ਆਧਾਰ'ਤੇ ਵਾਕ ਪੂਰਾ ਕਰੋ:

ਬੋਲੀ ਨਾ ਸਿਰਫ਼ ਕਾਮਯਾਬੀ ਦੀ ਕੁੰਜੀ ਹੈ, ਇਹ ਜ਼ਿੰਦਗੀ ਦੇ ...................................... ਦਾ ਜਾਦੂ ਵੀ ਹੈ।

(A)ਉਦਾਸ ਬੱਦਲਾਂ

(B) ਪੁੱਗੀਆਂ ਤੇ ਅਣਪੁੱਗੀਆਂ ਰੀਝਾਂ

(C) ਲਕੀਰਾਂ ਤੇ ਘੇਰਿਆਂ

(D) ਹੁਸਨਾਂ ਤੇ ਸੁਆਦਾਂ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਚੌਧਰੀ ਚੜ੍ਹਤ ਸਿੰਘ ਕੌਣ ਸੀ ?

(A) ਇੱਕ ਪਹਿਲਵਾਨ

(B) ਪਿੰਡ ਦਾ ਚੌਧਰੀ

(C) ਲੇਖਕ ਦਾ ਦਾਦਾ

(D) ਲੇਖਕ ਖ਼ੁਦ

(iv) **'ਕੁਲਫ਼ੀ'** ਕਹਾਣੀ ਦੇ ਆਧਾਰ 'ਤੇ ਸਹੀ ਵਿਕਲਪ ਚੁਣ ਕੇ ਵਾਕ ਪੂਰਾ ਕਰੋ: "ਹੁਣ ਰਾਤ ਪੈ ਗਈ ਏ, ...............................ਕੱਲ੍ਹ ਖਾਵਾਂਗੇ।"

(A) ਮੁਰਮੁਰਾ

**(B)** ਖੀਰ

(C) ਛੋਲੇ

(D) ਕੁਲਫ਼ੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ 'ਠੱਠੀ ਖਾਰਾ' ਪਿੰਡ ਤੋਂ ਤਰਨਤਾਰਨ ਕਿੰਨੀ ਦੂਰ ਹੈ ?

(A) ਸੱਠ ਕੋਹ

(B) ਪੰਜਾਹ ਕੋਹ

(C) ਦਸ ਕੋਹ

(D) ਚਾਰ ਕੋਹ

(vi) 'ਅੰਗ-ਸੰਗ' ਕਹਾਣੀ ਕਿਸ ਦੀ ਲਿਖੀ ਹੋਈ ਹੈ ?

(A) ਸੁਜਾਨ ਸਿੰਘ

(B) ਕੁਲਵੰਤ ਸਿੰਘ ਵਿਰਕ

(C) ਵਰਿਆਮ ਸਿੰਘ ਸੰਧੂ

(D) ਸੰਤ ਸਿੰਘ ਸੇਖੋਂ

12. **ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : 5X1=5**

(i) ਹੇਠ ਲਿਖੀਆਂ ਰਚਨਾਵਾਂ ਵਿੱਚੋਂ ਕਿਹੜੀ ਰਚਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਹੈ ?

(A) ਜੰਗ ਦਾ ਹਾਲ

(B) ਕਿਰਪਾ ਕਰਿ ਕੈ ਬਖਸਿ ਲੈਹੁ

(C) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

(D) ਸਤਿਗੁਰ ਨਾਨਕ ਪ੍ਰਗਟਿਆ

(ii) 'ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਵਿੱਚ ਪ੍ਰਿਥਵੀ ਦੇ ਕਿੰਨੇ ਖੰਡਾ ਦਾ ਜ਼ਿਕਰ ਆਇਆ ਹੈ ?

(A) ਚਾਰ

(B) ਪੰਜ

(C) ਨੌਂ

(D) ਦਸ

(iii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਆਏ ਸ਼ਬਦ 'ਕਾੜ੍ਹਾ' ਦਾ ਕੀ ਅਰਥ ਹੈ ?

(A) ਸਖ਼ਤ

(B) ਠੰਢਾ

(C) ਸੰਸਾਰ

(D) ਚਿੰਤਾ

(iv) 'ਦੂਜਾ ਵਿਆਹ' ਇਕਾਂਗੀ ਵਿੱਚ ਸੁਖਦੇਵ ਸਿੰਘ ਦੀ ਭੈਣ ਦਾ ਕੀ ਨਾਂ ਹੈ ?

(A) ਨਿਹਾਲ ਕੌਰ

(B) ਸੁਖਰਾਜ ਕੌਰ

(C) ਸੁਖਦੇਵ ਕੌਰ

(D) ਸਤਵੰਤ ਕੌਰ

(v) '"ਸਭ ਪਹਿਲੂ ਮੈਂ ਅੱਛੀ ਤਰ੍ਹਾਂ ਸੋਚੇ ਹਨ। ਮੈਨੂੰ ਕੋਈ ਠੀਕ ਰਾਹ ਨਜ਼ਰ ਨਹੀਂ ਆਉਂਦਾ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਔਰੰਗਜ਼ੇਬ ਨੇ

(B)ਜ਼ੀਨਤ-ਉਨ-ਨਿਸਾ ਨੇ

(C)ਅਸਦ ਖ਼ਾਨ ਨੇ

(D) ਸ਼ਾਹੀ ਹਕੀਮ ਨੇ

(vi) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਕਿਸ ਬਾਦਸ਼ਾਹ ਨੇ ਦਿੱਤਾ ਸੀ ?

(A) ਬਾਬਰ

(B) ਔਰੰਗਜ਼ੇਬ

(C) ਅਸ਼ੋਕ

(D) ਅਕਬਰ

13.**ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : 4X1=4**

(i) '**ਮੇਰੇ ਵੱਡੇ-ਵਡੇਰੇ**' ਲੇਖ ਅਨੁਸਾਰ ਲਟੈਣ ਚੜ੍ਹਾਉਣ ਲਈ ਪਿੰਡ ਦੇ ਕਿੰਨੇ ਗੱਭਰੂ ਇਕੱਠੇ ਕਰਨੇ ਪਏ ?

(ii) **'ਬੋਲੀ'** ਲੇਖ ਦੇ ਆਧਾਰ 'ਤੇ ਦੱਸੋ ਕਿ ਬੋਲੀ ਕਿਹੋ ਜਿਹੀ ਵਿਰਾਸਤ ਹੈ ?

(iii) ਗੁਰੂ ਸਾਹਿਬ ਦੀ ਮਾਤਾ ਜੀ ਦੁਆਰਾ ਕਹੇ ਮਮਤਾ ਦੇ ਲਫ਼ਜ਼ਾਂ ਨੂੰ ਲੇਖਕ ਨੇ ਕਿਹੜੇ ਰਸ ਦਾ ਨਾਮ ਦਿੱਤਾ ਹੈ ? **'ਘਰ ਦਾ ਪਿਆਰ'** ਲੇਖ ਦੇ ਆਧਾਰ 'ਤੇ ਦੱਸੋ।

(iv) '**ਕੁਲਫ਼ੀ**' ਕਹਾਣੀ ਅਨੁਸਾਰ ਕਿਸ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ ?

(v) '**ਧਰਤੀ ਹੇਠਲਾ ਬਲ਼ਦ**' ਕਹਾਣੀ ਵਿੱਚ 'ਮਾਨ ਸਿੰਘ' ਤੋਂ ਕਿਹੜੀ ਗੱਲ ਲਕੋਈ ਗਈ ਹੈ ?

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :7X2=14**

(i) ਅਮਰੀਕ ਦਾ ਦਾਦਾ ਜਦ ਆਖ਼ਰੀ ਵਾਰ ਪਿੰਡ ਆਇਆ ਸੀ ਤਾਂ ਉਸ ਨੇ ਕਰਤਾਰ ਸਿੰਘ ਨੂੰ ਕੀ ਕਿਹਾ? ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦੱਸੋ ।

(ii) ਲੇਖਕ ਨੇ ਧੁੱਪ ਵਿੱਚ ਸੜਕਾਂ 'ਤੇ ਸਮਾਂ ਬਰਬਾਦ ਕਿਉਂ ਕੀਤਾ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਲੇਖਕ ਦਾ ਇਸ ਤਰ੍ਹਾਂ ਕਰਨਾ ਠੀਕ ਸੀ ?

(iii) 'ਧਰਤੀ ਹੇਠਲਾ ਬਲਦ' ਕਹਾਣੀ ਦਾ ਵਿਸ਼ਾ ਕੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ ।

(iv) ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਗੁਆਂਢਣ 'ਤੇ ਕਾਹਦਾ ਗੁੱਸਾ ਹੈ ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

(v) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਜ਼ੀਨਤ ਬਾਰੇ ਔਰੰਗਜ਼ੇਬ ਕੀ ਵਿਚਾਰ ਰੱਖਦਾ ਹੈ ?

(vi) 'ਤੁਰਨ ਦਾ ਹੁਨਰ' ਪਾਠ ਵਿੱਚ ਪੈਦਲ ਤੁਰਨ ਸੰਬੰਧੀ ਯੂਨਾਨੀ ਫ਼ਿਲਾਸਫ਼ਰ ਦੇ ਕਿਹੜੇ ਵਿਚਾਰ ਪੇਸ਼ ਕੀਤੇ ਗਏ ਹਨ ?

(vii) ਤੁਹਾਡੇ ਵਿਚਾਰ ਅਨੁਸਾਰ **'ਘਰ ਦਾ ਪਿਆਰ'** ਲੇਖ ਵਿੱਚ ਘਰ ਤੋਂ ਕੀ ਭਾਵ ਹੈ ?

(viii) 'ਬੋਲੀ' ਲੇਖ ਵਿੱਚ ਆਏ ਕਥਨ 'ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੋਹਰਾਂ ਹਨ।' ਨਾਲ਼ ਤੁਸੀਂ ਕਿੰਨੇ ਕੁ ਸਹਿਮਤ ਹੋ ? ਦਲੀਲਾਂ ਸਹਿਤ ਉੱਤਰ ਦਿਓ। ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 2X4=8**

(i) ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚੋਂ ਸਾਨੂੰ ਕੀ ਪ੍ਰੇਰਨਾ ਮਿਲਦੀ ਹੈ ?

**ਜਾਂ (OR)**

(ii) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਅਨੁਸਾਰ ਜੰਗ ਕਿਸ-ਕਿਸ ਦਰਮਿਆਨ ਹੋ ਰਹੀ ਹੈ ਅਤੇ ਫ਼ੌਜਾਂ ਦੇ ਜਿੱਤ ਕੇ ਅੰਤ ਨੂੰ ਹਾਰਨ ਤੋਂ ਕਵੀ ਦਾ ਕੀ ਭਾਵ ਹੈ ?

(iii) 'ਤੁਰਨ ਦਾ ਹੁਨਰ' ਪਾਠ ਦੇ ਆਧਾਰ 'ਤੇ ਦੱਸੋ ਕਿ ਤੁਰਨ ਨਾਲ਼ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ?

**ਜਾਂ (OR)**

(iv) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਕਾਰਜ ਕਿਵੇਂ ਸਿੱਧ ਕਰ ਲੈਂਦੇ ਸਨ ?

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ਕਿ 'ਜ਼ਫ਼ਰਨਾਮਾ' ਪੜ੍ਹਨ ਤੋਂ ਬਾਅਦ ਔਰੰਗਜ਼ੇਬ ਨੂੰ ਕੀ ਪ੍ਰੇਸ਼ਾਨੀ ਹੋਈ ? ਜਿਸ ਬਾਰੇ ਉਹ ਆਪਣੇ ਅਹਿਲਕਾਰ ਨੂੰ ਦੱਸਦਾ ਹੈ।

(ii) 'ਤੁਹਾਡੇ ਵਿਚਾਰ ਅਨੁਸਾਰ'ਦੂਜਾ ਵਿਆਹ' ਇਕਾਂਗੀ ਵਿੱਚ, ਮਨਜੀਤ ਇੱਕ ਪਤਨੀ ਅਤੇ ਨੂੰਹ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਣ ਵਿੱਚ ਕਿੰਨੀ ਕੁ ਸਫ਼ਲ ਰਹੀ ਹੈ ? ਆਪਣੇ ਵਿਚਾਰ ਪ੍ਰਗਟਾਓ ।